## ਮੈਂ ਹੋਰ ਜਾਣਕਾਰੀ ਕਿਥੋਂ ਲੈ ਸਕਦਾ/ਸਕਦੀ ਹਾਂ?

ਆਪਣੀ ਅਰਜ਼ੀ ਕਿਵੇਂ ਦਿਓ ਅਤੇ ਜੇ ਤੁਸੀਂ ਮਾਲੀ ਸਰਪ੍ਰਸਤ ਵਜੋਂ ਨਿਯੁਕਤ ਹੋ ਜਾਂਦੇ ਹੋ, ਤਾਂ ਉਸ ਤੋਂ ਬਾਅਦ ਕੀ ਹੁੰਦਾ ਹੈ, ਬਾਰੇ OPG ਸਟਾਫ਼ ਨੂੰ ਤੁਹਾਡੇ ਕਿਸੇ ਵੀ ਸੁਆਲ ਦਾ ਜਵਾਬ ਦੇ ਕੇ ਖੁਸ਼ੀ ਹੋਏਗੀ। ਤੁਹਾਡਾ ਸਥਾਨਕ ਸਿਟੀਜ਼ਨਸ ਐਡਵਾਈਜ਼ ਬਿਊਰੋ ਜਾਂ ਵਕੀਲ ਵੀ ਤੁਹਾਡੀ ਮਦਦ ਕਰ ਸਕਦਾ ਹੈ।
ਭਲਾਈ ਸਬੰਧੀ ਮਾਮਲਿਆਂ ਲਈ, ਤੁਹਾਡੀ ਸਥਾਨਕ ਅਥਾੱਰਿਟੀ ਦਾ ਸੋਸ਼ਲ ਵਰਕ ਵਿਭਾਗ ਤੁਹਾਨੂੰ ਸਲਾਹ ਅਤੇ ਸੇਧ ਦੇ ਸਕਦਾ ਹੈ।

ਕਿਰਪਾ ਕਰਕੇ ਧਿਆਨ ਦਿਓ, OPG ਤੋਂ ਵੇਰਵੇ ਵਾਲੀਆਂ ਹੋਰ ਸੇਧ ਪੁਸਤਿਕਾਂ ਉਪਲਬਧ ਹਨ।

**ਸਰਕਾਰੀ ਸਰਪ੍ਰਸਤ ਦਾ ਦਫ਼ਤਰ (ਸਕਾੱਟਲੈਂਡ)**
**[Office of the Public Guardian (Scotland)]**
Hadrian House
Callendar Business Park
Callendar Road
Falkirk FK1 1XR

- ਟੈਲੀਫੋਨ: 01324 678300
- ਈਮੇਲ: opg@scotcourts.gov.uk
- www.publicguardian-scotland.gov.uk
- ਖੁੱਲ੍ਹਣ ਦਾ ਸਮਾਂ: ਸਵੇਰੇ 9-ਸ਼ਾਮੀਂ 5, ਸੋਮਵਾਰ-ਸ਼ੁੱਕਰਵਾਰ

ਜੇ ਦਫ਼ਤਰ ਆ ਰਹੇ ਹੋ, ਤਾਂ ਸਟਾਫ਼ ਦੇ ਸਬੰਧਿਤ ਮੈਂਬਰ ਨੂੰ ਮਿਲਣਾ ਯਕੀਨੀ ਬਣਾਉਣ ਲਈ, ਇਸ ਗੱਲ ਨੂੰ ਤਰਜੀਹ ਦਿੱਤੀ ਜਾਂਦੀ ਹੈ ਕਿ ਮੁਲਾਕਾਤ ਦਾ ਸਮਾਂ ਲਓ।

**ਸਿਟੀਜ਼ਨਸ ਐਡਵਾਈਜ਼ ਬਿਊਰੋ** ਲੋੜਵੰਦ ਲੋਕਾਂ ਨੂੰ ਮੁਫ਼ਤ ਸੁਤੰਤਰ ਸਲਾਹ ਅਤੇ ਜਾਣਕਾਰੀ ਦਿੰਦਾ ਹੈ। ਤੁਸੀਂ ਆਪਣੀ ਫੋਨ ਬੁੱਕ ਜਾਂ ਸਥਾਨਕ ਲਾਇਬ੍ਰੇਰੀ ਤੋਂ ਆਪਣੇ ਸਥਾਨਕ ਸਿਟੀਜ਼ਨਸ ਐਡਵਾਈਜ਼ ਬਿਊਰੋ ਦੇ ਪਤੇ ਲੱਭ ਸਕਦੇ ਹੋ ਜਾਂ ਆਪਣੇ ਇਲਾਕੇ ਵਿਚ ਬਿਊਰੋ ਦਾ ਪਤਾ ਲਾਉਣ ਲਈ ਸਿਟੀਜ਼ਨਸ ਐਡਵਾਈਜ਼ ਸਕਾੱਟਲੈਂਡ ਨਾਲ ਸੰਪਰਕ ਕਰੋ:
www.cas.org.uk

ਇਹ ਲੀਫ਼ਲੈਟ ਹੋਰਨਾਂ ਰੂਪਾਂ ਅਤੇ ਭਾਸ਼ਾਵਾਂ ਵਿਚ ਉਪਲਬਧ ਹੈ। ਜੇ ਤੁਸੀਂ ਇੱਕ ਵਿਸ਼ੇਸ਼ ਰੂਪ ਜਾਂ ਭਾਸ਼ਾ ਵਿਚ ਇਹ ਲੀਫ਼ਲੈਟ ਚਾਹੁੰਦੇ ਹੋ, ਤਾਂ ਕਿਰਪਾ ਕਰਕੇ OPG ਨਾਲ ਸੰਪਰਕ ਕਰੋ।

OPG ਲੈਂਗੁਏਜ ਲਾਈਨ ਅਤੇ ਟੈਕਸਟ ਰਿਲੇ ਸਰਵਿਸ ਲਈ ਸਬਸਕ੍ਰਾਈਬ ਕਰਦਾ ਹੈ।

ਇਸ ਲੜੀ ਵਿਚ ਹੋਰ ਲੀਫ਼ਲੈਟ ਉਪਲਬਧ ਹਨ:

ਮੁਖ਼ਤਾਰਨਾਮਾ

ਦਖ਼ਲਅੰਦਾਜ਼ੀ ਸਬੰਧੀ ਆਦੇਸ਼

ਫ਼ੰਡ ਸਕੀਮ ਤੱਕ ਪਹੁੰਚ

OPG, ਇਸ ਲੀਫ਼ਲੈਟ ਦੇ ਮਜ਼ਮੂਨ ਬਾਰੇ ਤੁਹਾਡੀ ਕਿਸੇ ਵੀ ਰਾਇ ਜਾਂ ਟਿੱਪਣੀ ਦਾ ਸੁਆਗਤ ਕਰਦਾ ਹੈ।

OPG ਸਕਾੱਟਿਸ਼ ਕੋਰਟ ਸਰਵਿਸ ਦਾ ਹਿੱਸਾ ਹੈ।

**ਅੰਕ, ਅਪ੍ਰੈਲ** 2013

INVESTOR IN PEOPLE

ਅਸਮਰੱਥ ਬਾਲਗ
(ਸਕਾੱਟਲੈਂਡ) ਕਾਨੂੰਨ 2000

# ਸਰਪ੍ਰਸਤੀ ਆਦੇਸ਼ ਕੀ ਹੈ...

Office of the
Public Guardian (Scotland)

## ਇਹ ਕੀ ਹੈ?

ਸ਼ੈਰਿਫ਼ ਕੋਰਟ ਵਲੋਂ ਅਸਮਰੱਥ ਬਾਲਗਾਂ (ਸਕਾੱਟਲੈਂਡ) ਬਾਰੇ ਕਾਨੂੰਨ 2000 ਹੇਠ ਇਹ ਇੱਕ ਆਦੇਸ਼ ਹੈ, ਸ਼ੈਰਿਫ਼ ਕਿਸੇ ਨੂੰ ਉਹਨਾਂ ਲੋਕਾਂ ਦੇ ਅਜਿਹੇ ਕੰਮਾਂ ਦੀ ਦੇਖਭਾਲ ਕਰਨ ਲਈ ਨਿਯੁਕਤ ਕਰਦਾ ਹੈ, ਜੋ ਆਪਣੇ ਖ਼ੁਦ ਦੇ ਕੰਮ-ਕਾਜ ਕਰਨ ਦੇ ਸਮਰੱਥ ਨਹੀਂ ਹਨ। ਇਸ ਵਿਚ ਇਹ ਵੀ ਕਿ ਦੱਸਿਆ ਗਿਆ ਹੈ ਕਿ ਨਿਯੁਕਤ ਕੀਤਾ/ਕੀਤੇ ਗਿਆ/ਗਏ ਵਿਅਕਤੀ ਅਸਲ ਵਿਚ ਕੀ ਕਰ ਸਕਦੇ ਹਨ।

## ਇਹ ਕੀ ਕਰਦਾ ਹੈ?

ਇਹ ਆਦੇਸ਼, ਸ਼ੈਰਿਫ਼ ਵਲੋਂ ਨਿਯੁਕਤ ਕੀਤੇ ਗਏ, ਕਿਸੇ ਵੀ ਅਜਿਹੇ ਵਿਅਕਤੀ, ਜਿਹਨਾਂ ਨੂੰ **ਸਰਪ੍ਰਸਤ** ਕਿਹਾ ਜਾਂਦਾ ਹੈ, ਨੂੰ ਆਪਣੇ ਮਾਲੀ ਜਾਂ ਭਲਾਈ ਸਬੰਧੀ ਦੋਵਾਂ ਕੰਮਾਂ ਨੂੰ ਸਿਰੇ ਚਾੜ੍ਹਣ ਦੇ ਅਸਮਰੱਥ ਵਿਅਕਤੀ ਦੇ ਇਹਨਾਂ ਕੰਮਾਂ ਨੂੰ ਨਿਰੰਤਰ ਅਧਾਰ 'ਤੇ ਪੂਰਾ ਕਰਨ ਦੀ ਜ਼ਿੰਮੇਵਾਰੀ ਦਿੰਦਾ ਹੈ।

## ਮੈਨੂੰ ਇਸਦੀ ਲੋੜ ਕਿਉਂ ਪਏਗੀ?

ਜੇ ਇੱਕ ਵਿਅਕਤੀ ਅਸਮਰੱਥ ਹੈ ਜਾਂ ਫ਼ੈਸਲਾ ਲੈਣ ਦੇ ਕਾਬਲ ਨਹੀਂ ਹੈ, ਤਾਂ ਤੁਹਾਨੂੰ ਉਸ ਵਿਅਕਤੀ ਲਈ ਕੁਝ ਕੰਮ ਕਰਨ ਵਾਸਤੇ ਕਾਨੂੰਨੀ ਅਖ਼ਤਿਆਰ ਦੀ ਲੋੜ ਪੈ ਸਕਦੀ ਹੈ। ਜੇ ਮੁਖ਼ਤਾਰਨਾਮੇ ਵਰਗੀ ਅਜਿਹੀ ਚੀਜ਼ ਪਹਿਲਾਂ ਹੀ ਨਹੀਂ ਬਣੀ ਹੋਈ, ਜੋ ਤੁਹਾਨੂੰ ਜਾਂ ਕਿਸੇ ਹੋਰ ਨੂੰ ਉਹ ਖ਼ਾਸ ਕੰਮ ਕਰਨ ਦੀ ਆਗਿਆ ਨਹੀਂ ਦਿੰਦੀ, ਤਾਂ ਫਿਰ ਅਦਾਲਤ ਦਾ ਹੁਕਮ ਇਸ ਕੰਮ ਨੂੰ ਸਿਰੇ ਚਾੜ੍ਹਣ ਦਾ ਇੱਕੋ ਇੱਕ ਤਰੀਕਾ ਹੋ ਸਕਦਾ ਹੈ।

## ਅਸਮਰੱਥ ਹੋਣ ਦਾ ਕੀ ਮਤਲਬ ਹੈ?

ਕਿਸੇ ਦੀ ਸਮਰੱਥਾ ਹੌਲੀ ਹੌਲੀ ਜਾਂ ਕਿਸੇ ਹਾਦਸੇ ਜਾਂ ਬਿਮਾਰੀ ਦੇ ਨਤੀਜੇ ਵਜੋਂ ਅਚਾਨਕ ਖ਼ਰਾਬ ਹੋ ਸਕਦੀ ਹੈ। ਇੱਕ ਰਜਿਸਟਰਡ ਅਤੇ ਲਾਇਸੈਂਸਸ਼ੁਦਾ ਮੈਡੀਕਲ ਡਾੱਕਟਰ ਦੱਸ ਸਕੇਗਾ ਕਿ ਉਹ ਵਿਅਕਤੀ ਫ਼ੈਸਲੇ ਕਰਨ ਦੇ ਸਮਰੱਥ ਹੈ ਜਾਂ ਨਹੀਂ।

## ਸਰਪ੍ਰਸਤੀ ਦੇ ਆਦੇਸ਼ ਤੋਂ ਬਿਨਾ ਕੀ ਮੈਂ ਆਪਣੇ ਸਾਥੀ ਜਾਂ ਰਿਸ਼ਤੇਦਾਰ ਦੀ ਮਦਦ ਕਰ ਸਕਾਂਗਾ/ਸਕਾਂਗੀ?

ਇਹ ਗੱਲ ਕੀਤੇ ਜਾਣ ਵਾਲੇ ਫ਼ੈਸਲਿਆਂ ਦੇ ਅਧਾਰ 'ਤੇ ਨਿਰਭਰ ਕਰਦੀ ਹੈ, ਤੁਹਾਨੂੰ ਕਿਸੇ ਅਜਿਹੇ ਵਿਅਕਤੀ, ਜੋ ਆਪਣੇ ਖ਼ੁਦ ਦੇ ਕੰਮ ਕਰਨ ਦੇ ਸਮਰੱਥ ਨਹੀਂ ਹੈ, ਦੀ ਤਰਫ਼ੋਂ ਕੰਮ ਕਰਨ ਦਾ ਹੱਕ ਆਪਣੇ ਆਪ ਨਹੀਂ ਮਿਲ ਸਕਦਾ।

## ਇਸ ਤੇ ਕਿੰਨਾ ਖ਼ਰਚਾ ਆਏਗਾ?

ਕਈ ਤਰ੍ਹਾਂ ਦੀਆਂ ਲਾਗਤਾਂ ਹਨ - ਅਰਜ਼ੀ ਲਈ ਅਦਾਲਤੀ ਫ਼ੀਸਾਂ, ਸਰਕਾਰੀ ਸਰਪ੍ਰਸਤੀ ਦੇ ਆਦੇਸ਼ (OPG) ਨੂੰ ਰਜਿਸਟਰ ਕਰਾਉਣ ਲਈ ਫ਼ੀਸ। ਮੈਡੀਕਲ ਰਿਪੋਰਟਾਂ ਲਈ ਵੀ ਫ਼ੀਸ ਲੱਗ ਸਕਦੀ ਹੈ। ਜੇ ਤੁਸੀਂ ਅਦਾਲਤ ਵਿਚ ਅਰਜ਼ੀ ਲਾਉਣ ਲਈ ਮਦਦ ਲਈ ਇੱਕ ਵਕੀਲ ਲੈਂਦੇ ਹੋ, ਤਾਂ ਤੁਹਾਨੂੰ ਕਾਨੂੰਨੀ ਫ਼ੀਸ ਵੀ ਦੇਣੀ ਪੈ ਸਕਦੀ ਹੈ। ਕਿਉਂਕਿ ਲਾਗਤਾਂ ਵੱਖ ਵੱਖ ਹੋ ਸਕਦੀਆਂ ਹਨ, ਤਾਂ ਪਹਿਲਾਂ ਕੁਝ ਵਿਕਲਪ ਵੇਖਣਾ ਲਾਹੇਵੰਦ ਹੋ ਸਕਦਾ ਹੈ।

## ਸਰਪ੍ਰਸਤੀ ਦਾ ਆਦੇਸ਼ ਕਿੰਨੇ ਚਿਰ ਤੱਕ ਲਾਗੂ ਰਹਿੰਦਾ ਹੈ?

ਸ਼ੈਰਿਫ਼ 3 ਸਾਲਾਂ ਲਈ ਜਾਂ ਕੁਝ ਹਾਲਤਾਂ ਵਿਚ ਅਣਮਿੱਥੇ ਸਮੇਂ ਲਈ ਆਦੇਸ਼ ਦੇ ਸਕਦਾ ਹੈ।

## ਮੈਂ ਅਰਜ਼ੀ ਕਿਵੇਂ ਦਿਆਂ?

"ਸਾਰ ਅਰਜ਼ੀ" ਨਾਂ ਦੀ ਇੱਕ ਅਰਜ਼ੀ ਸ਼ੈਰਿਫ਼ ਕੋਰਟ ਵਿਚ ਦਿੱਤੀ ਜਾਂਦੀ ਹੈ। ਅਰਜ਼ੀ 2 ਮੈਡੀਕਲ ਰਿਪੋਰਟਾਂ (ਜੋ ਕਿ ਦੋ ਵਿਅਕਤੀਗਤ ਰਜਿਸਟਰਡ ਅਤੇ ਲਾਇਸੈਂਸਸ਼ੁਦਾ ਡਾੱਕਟਰਾਂ ਵਲੋਂ ਭਰੀ ਜਾਂਦੀ ਹੈ) ਅਤੇ ਹੋਰ ਸਹਾਇਕ ਦਸਤਾਵੇਜ਼ ਨਾਲ ਭੇਜਣ ਦੀ ਲੋੜ ਹੋਏਗੀ। ਜਿਹੜੇ ਫ਼ਾਰਮਾਂ ਦੀ ਲੋੜ ਹੈ, ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ OPG ਨਾਲ ਸੰਪਰਕ ਕਰੋ। ਤੁਹਾਡਾ ਸਥਾਨਕ ਸਿਟੀਜ਼ਨ ਐਡਵਾਈਜ਼ ਬਿਊਰੋ ਜਾਂ ਵਕੀਲ ਵੀ ਤੁਹਾਡੀ ਮਦਦ ਕਰ ਸਕਦਾ ਹੈ।

## ਸਰਪ੍ਰਸਤ ਕੌਣ ਹੋ ਸਕਦਾ ਹੈ?

ਸਾਥੀ, ਪਰਿਵਾਰ ਦਾ ਜੀਅ, ਦੋਸਤ ਜਾਂ ਪੇਸ਼ੇਵਰ, ਜਿਵੇਂ ਵਕੀਲ ਜਾਂ ਅਕਾਉਂਟੈਂਟ ਜਾਂ ਵਿਅਕਤੀ ਦੀ ਸਥਾਨਕ ਅਥਾੱਰਿਟੀ ਦੇ ਸੋਸ਼ਲ ਵਰਕ ਵਿਭਾਗ ਤੋਂ ਕਿਸੇ ਵਿਅਕਤੀ ਸਮੇਤ ਕੋਈ ਵੀ ਅਰਜ਼ੀ ਦੇ ਸਕਦਾ ਹੈ।

## ਜੇ ਮੈਨੂੰ ਸਰਪ੍ਰਸਤੀ ਆਦੇਸ਼ ਦਿੱਤਾ ਗਿਆ ਹੈ, ਤਾਂ ਕੀ ਕੋਈ ਜਾਂਚ ਕਰੇਗਾ ਕਿ ਮੈਂ ਕੀ ਕਰ ਰਿਹਾ/ਰਹੀ ਹਾਂ?

ਹਾਂ, ਭਲਾਈ ਦੇ ਅਧਿਕਾਰਾਂ ਨਾਲ ਸਥਾਨਕ ਅਥਾੱਰਿਟੀ ਦਾ ਸੋਸ਼ਲ ਵਰਕ ਵਿਭਾਗ ਸਰਪ੍ਰਸਤਾਂ ਦੀ ਨਿਗਰਾਨੀ ਕਰੇਗਾ।

OPG ਪੈਸੇ ਅਤੇ/ਜਾਂ ਜਾਇਦਾਦ ਨਾਲ ਜੁੜੇ ਆਦੇਸ਼ਾਂ ਦੀ ਨਿਗਰਾਨੀ ਕਰਦਾ ਹੈ। ਜੇ ਤੁਹਾਨੂੰ ਮਾਲੀ ਸਰਪ੍ਰਸਤ ਨਿਯੁਕਤ ਕੀਤਾ ਜਾਂਦਾ ਹੈ, ਤਾਂ ਤੁਹਾਨੂੰ ਵਿਸ਼ੇਸ਼ ਕੰਮ ਪੂਰੇ ਕਰਨੇ ਪੈਣਗੇ। ਇਹਨਾਂ ਕੰਮਾਂ ਵਿਚ, ਜਿਸ ਪੈਸੇ ਦੀ ਤੁਸੀਂ ਦੇਖਭਾਲ ਕਰ ਰਹੇ ਹੋ ਅਤੇ ਇਸ ਦਾ ਤੁਸੀਂ ਕੀ ਕਰਨਾ ਹੈ, ਦੇ ਵੇਰਵਿਆਂ ਸਬੰਧੀ ਦਸਤਾਵੇਜ਼ OPG ਨੂੰ ਭੇਜਣਾ ਸ਼ਾਮਿਲ ਹੈ। ਜ਼ਿਆਦਾਤਰ ਮਾਲੀ ਸਰਪ੍ਰਸਤਾਂ ਨੂੰ ਹੇਠਾਂ ਦਿੱਤੇ ਦਸਤਾਵੇਜ਼ ਭਰਨ ਦੀ ਲੋੜ ਪਏਗੀ:

- ਸੰਪਤੀ ਦਾ ਵੇਰਵਾ - ਇਸ ਵਿਚ ਜਿਸ ਬਾਲਗ਼ ਦੀਆਂ ਜ਼ਿੰਮੇਵਾਰੀਆਂ ਨੂੰ ਤੁਸੀਂ ਸਿਰੇ ਚਾੜ੍ਹ ਰਹੇ ਹੋ, ਦੇ ਬੈਂਕ ਖਾਤਿਆਂ, ਪੈਨਸ਼ਨਾਂ, ਜਾਇਦਾਦ ਆਦਿ ਦੇ ਸਾਰੇ ਵੇਰਵੇ ਹੁੰਦੇ ਹਨ।
- ਪ੍ਰਬੰਧ ਯੋਜਨਾ - ਇਸ ਵਿਚ ਦਿੱਤਾ ਹੁੰਦਾ ਹੈ ਕਿ ਬਾਲਗ਼ ਨਾਲ ਸਬੰਧਿਤ ਜਾਇਦਾਦ ਅਤੇ ਪੈਸਿਆਂ ਦਾ ਪ੍ਰਬੰਧ ਕਰਨ ਦੀ ਤੁਹਾਡੀ ਕੀ ਯੋਜਨਾ ਹੈ, ਜਿਵੇਂ ਬੈਂਕ ਖਾਤੇ ਬਦਲਣਾ, ਘਰ ਵੇਚਣਾ, ਪੂੰਜੀਕਾਰੀਆਂ ਦਾ ਪ੍ਰਬੰਧ ਕਰਨਾ।
- ਸਲਾਨਾ ਖਾਤੇ - ਤੁਹਾਨੂੰ ਖਾਤਿਆਂ ਦਾ ਢੁਕਵਾਂ ਰਿਕਾੱਰਡ ਰੱਖਣ ਦੀ ਲੋੜ ਪਏਗੀ, ਤਾਂ ਜੋ ਤੁਸੀਂ ਹਰ ਸਾਲ OPG ਨੂੰ ਖਾਤਿਆਂ ਦਾ ਹਿਸਾਬ ਦੇ ਸਕੋ। ਤੁਹਾਡੇ ਖਾਤੇ ਵਿਚ ਲੈਣ-ਦੇਣ ਦੇ ਵੇਰਵੇ ਹੋਣਗੇ, ਜੋ ਤੁਸੀਂ ਆਮ ਤੌਰ 'ਤੇ 12 ਮਹੀਨੇ ਦੇ ਸਮੇਂ ਅੰਦਰ ਕੀਤੇ ਹਨ।